# ਪੰਜਾਬ ਸਕੂਲ ਸਿੱਖਿਆ ਬੋਰਡ
## ਪ੍ਰੈਸ ਨੋਟ

ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਸਮੈਸਟਰ ਪ੍ਰਣਾਲੀ ਲਾਗੂ ਹੋਣ ਕਾਰਨ ਅਕਾਦਮਿਕ ਸਾਲ 2010 ਦੇ ਮੈਟ੍ਰਿਕ ਸ਼੍ਰੇਣੀ ਦੇ ਪਹਿਲੇ ਸਮੈਸਟਰ ਦੀ ਪਰੀਖਿਆ ਲਈ ਦਿੱਤੇ ਗਏ ਦੋ ਮੌਕਿਆਂ ਵਿੱਚ ਰੀਅਪੀਅਰ/ਕੰਪਾਰਟਮੈਂਟ ਕਲੀਅਰ ਨਾ ਕਰਨ ਵਾਲੇ ਪ੍ਰੀਖਿਆਰਥੀਆਂ ਲਈ ਇੱਕ ਵਿਸ਼ੇਸ ਮੌਕਾ ਮਾਰਚ-2012 ਦਿੱਤਾ ਗਿਆ। ਇਸ ਵਿਸ਼ੇਸ ਮੌਕੇ ਦਾ ਨਤੀਜਾ ਬੋਰਡ ਵੱਲੋਂ ਘੋਸ਼ਿਤ ਕੀਤਾ ਜਾਣਾ ਹੈ।

ਸਬੰਧਤ ਸਕੂਲਾਂ ਦੇ ਮੁੱਖੀਆਂ ਨੂੰ, ਗਿਆਰ੍ਹਵੀਂ ਸ਼੍ਰੇਣੀ ਦੇ ਸਮੈਸਟਰ-1 ਅਤੇ ਸਮੈਸਟਰ-2 ਦੀ ਪੜ੍ਹਾਈ ਪੂਰੀ ਕਰ ਚੁੱਕੇ ਵਿਦਿਆਰਥੀਆਂ ਨੂੰ ਬਾਰ੍ਹਵੀਂ ਸ਼੍ਰੇਣੀ ਵਿੱਚ ਆਰਜੀ ਦਾਖਲਾ ਦੇਣ ਦੀ ਹਦਾਇਤ ਕੀਤੀ ਜਾਂਦੀ ਹੈ। ਇਸ ਸਬੰਧੀ ਵਿਦਿਆਰਥੀਆਂ ਤੋਂ ਅੰਡਰਟੇਕਿੰਗ ਲੈ ਲਈ ਜਾਵੇ ਕਿ ਅਕਾਦਮਿਕ ਸਾਲ 2010 ਪਹਿਲੇ ਸਮੈਸਟਰ ਲਈ ਦਿੱਤੇ ਗਏ ਵਿਸ਼ੇਸ ਮੌਕੇ ਦੇ ਨਤੀਜੇ ਵਿੱਚ ਫੇਲ੍ਹ ਹੋਣ ਦੀ ਸੂਰਤ ਵਿੱਚ ਉਹਨਾਂ ਦਾ ਬਾਰ੍ਹਵੀਂ ਸ਼੍ਰੇਣੀ ਦਾ ਦਾਖਲਾ ਰੱਦ ਕੀਤਾ ਜਾਵੇਗਾ।

(ਡਾ.ਬਲਵਿੰਦਰ ਸਿੰਘ)
ਸਕੱਤਰ